
# ਰਬਾਬ ਮੰਗਾਉਣ ਦਾ ਵਿਰਤਾਂਤ

ਰਬਾਬ ਮੰਗਾਉਣ ਦਾ ਵਿਰਤਾਂਤ ਵਾਰਤਕ ਲੇਖ ਗਿਆਨੀ ਦਿੱਤ ਸਿੰਘ ਦਾ ਲਿਖਿਆ ਹੋਇਆ ਹੈ। ਆਪ ਦੀ ਵਾਰਤਕ ਉੱਨੀਵੀਂ ਸਦੀ ਦੀ ਪੰਜਾਬੀ ਦਾ ਵਧੀਆ ਨਮੂਨਾ ਹੈ। ਆਪ ਦੀ ਜ਼ੁਬਾਨ ਸਾਫ਼ ਸੁਥਰੀ, ਸਾਦੀ ਤੇ ਮਨਮੋਹਣੀ ਹੈ। ਆਪ ਦਾ ਵਰਣਨ ਕਰਨ ਦਾ ਢੰਗ ਬਹੁਤ ਸੁਆਦਲਾ ਹੈ। ਆਪ ਦੀਆਂ ਪ੍ਰਸਿੱਧ ਪੁਸਤਕਾਂ ਹਨ - ਮੇਰਾ ਅਤੇ ਸਾਧੂ ਦਯਾਨੰਦ ਦਾ ਸੰਬਾਦ, ਦੰਭ ਵਿਦਾਰਨ, ਗੁੱਗਾ ਗਪੌੜਾ, ਦੁਰਗਾ ਪ੍ਰਬੰਧ, ਰਾਜ ਪ੍ਰਬੰਧ ਨਾਟਕ, ਜਨਮ ਸਾਖੀ ਗੁਰੂ ਨਾਨਕ ਸਾਹਿਬ ਜੀ।

## ਰਬਾਬ ਮੰਗਾਉਣ ਦਾ ਵਿਰਤਾਂਤ ਵਾਰਤਕ ਲੇਖ ਹੇਠ ਲਿਖੇ ਅਨੁਸਾਰ ਹੈ :-

ਜਦ ਗੁਰੂ ਜੀ ਇਸੀ ਪ੍ਰਕਾਰ ਜੰਗਲ ਵਿੱਚ ਬੈਠੇ ਕਰਤਾਰ ਦੇ ਗੁਣ ਗਾਉਣ ਲੱਗੇ ਤਦ ਬਹੁਤ ਲੋਕ ਜੋ ਹਿੰਦੂ ਅਤੇ ਮੁਸਲਮਾਨ ਸੇ ਸੋ ਗੁਰੂ ਨੂੰ ਕੁਰਾਹੀਆਂ ਸੱਦਨ ਲਗੇ ਅਰ ਆਖਨ ਕਿ ਯਾਰੋ ਇਹ ਜਾਤ ਦਾ ਵੇਦੀ ਖੱਤ੍ਰੀ ਸੀ ਅਰ ਭਲਿਆਂ ਦਾ ਪੁਤ ਪੋਤਾ ਸੀ ਸੋ ਹੁਨ ਕੁਛ ਇਸਦੀ ਅਜੇਹੀ ਬੁਧੀ ਫਿਰ ਗਈ ਹੈ ਜੋ ਕਿਸੇ ਦੀ ਭੀ ਨਹੀਂ ਸੁਨਦਾ। ਹਿੰਦੂ ਅਤੇ ਮੁਸਲਮਾਨਾਂ ਨਾਲੋਂ ਵਖਰੀ ਹੀ ਚਾਲ ਹੈ ਅਰ ਇਕ ਡੂਮ ਜੋ ਘਰ ਦਾ ਹੀ ਮਿਰਾਸੀ ਸੀ ਸੋ ਸਾਥੀ ਬਣਾ ਲੀਤਾ ਹੈ, ਖਾਣਾ ਪਹਰਨਾ ਭੁਲਾ ਦਿਤਾ ਹੈ। ਇਸੇ ਤਰ੍ਹਾਂ ਦੀ ਚਰਚਾ ਘਰ ਘਰ ਵਿੱਚ ਹੋਨ ਲੱਗ ਗਈ।




ਓਧਰ ਤਾਂ ਲੋਗ ਇਸ ਤਰ੍ਹਾਂ ਆਖਦੇ ਸੇ ਅਤੇ ਏਧਰ ਗੁਰੂ ਨਾਨਕ ਜੀ ਕਰਤਾਰ ਦੇ ਰੰਗ ਵਿਚ ਰਤੇ ਹੋਏ ਮਰਦਾਨੇ ਨਾਲ ਨਿਤ ਨਵੇਂ ਥੋਂ ਨਵਾਂ ਸ਼ਬਦ ਅਕਾਲ ਪੁਰਖ ਦੀ ਪਰਾਰਥਨਾ ਦਾ ਗਾਉਂਦੇ ਸਨ ਅਰ ਸਦਾ ਉਸ ਦੀ ਮਸਤੀ ਵਿੱਚ ਮਗਨ ਰਹਿੰਦੇ ਸਨ।ਇੱਕ ਰੋਜ਼ ਆਖਨ ਲੱਗੇ ਕਿ ਮਰਦਾਨਿਆ ਕੁਝ ਸਾਜ਼ ਬਜਾਓ ਜੋ ਦਿਲ ਨੂੰ ਭਾਵੇ, ਤਦ ਮਰਦਾਨੇ ਆਖਿਆ

ਕਿ ਜੀ ਆਪ ਦਾ ਕਿਹੜੇ ਸਾਜ਼ ਦੇ ਸੁਨਨ ਲਈ ਚਿੱਤ ਚਾਹੁੰਦਾ ਹੈ, ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਰਬਾਬ ਤੇ ਵਧਕੇ ਹੋਰ ਕੇਹੜਾ ਸਾਜ਼ ਹੈ ਜੋ ਅੱਛਾ ਆਖੀਏ, ਸੋ ਵਜਾਓ। ਜਿਸ ਨੂੰ ਸੁਨ ਕੇ ਮਰਦਾਨੇ ਕਿਹਾ ਜੀ ਮੇਰੇ ਪਾਸ ਤਾਂ ਨਹੀਂ ਜੋ ਬਜਾਵਾਂ ਜਿਸ ਨੂੰ ਸੁਨਕੇ ਬੋਲੇ ਕਿ ਭਾਈ ਨਗਰ ਵਿੱਚ ਜਾ ਕੇ ਕਿਸੇ ਕੋਲੋਂ ਮੰਗ ਲਿਆਓ। ਜੇ ਕੋਈ ਮੰਗਿਆ ਨਾ ਦੇਵੇ ਤਾਂ ਮੁਲ ਲੈ ਆਵੀਂ। ਫੇਰ ਮਰਦਾਨੇ ਨੇ ਕਿਹਾ ਕਿ ਜੀ ਮੇਰੇ ਪਾਸ ਤਾਂ ਧੇਲਾ ਭੀ ਨਹੀਂ ਹੈ। ਮੁੱਲ ਕਿੱਥੋਂ ਖਰਚ ਕਰਾਂ? ਇਸ ਪਰ ਗੁਰੂ ਜੀ ਬੋਲੇ, ਮਰਦਾਨਿਆਂ ਕਰਤਾਰ ਦਾ ਦਿਤਾ ਹੋਇਆ ਸੱਭੋ ਕੁਝ ਹੈ, ਐਡਾ ਉਦਾਸ ਨਾ ਹੋਹੁ, ਘਰ ਜਾ ਕੇ ਬੀਬੀ ਤੇ ਜਿਤਨੇ ਰੁਪਈਏ ਚਾਹੇ ਲੈ ਲੈ ਅਰ ਕੋਈ ਚੰਗਾ ਜਿਹਾ ਰਬਾਬ ਲੈ ਆਉ। ਇਹ ਸੁਨ ਕੇ ਮਰਦਾਨਾ ਬੀਬੀ ਪਾਸ ਆਇਆ ਅਰ ਰਬਾਬ ਲਈ ਕੁਝ ਰੁਪਏ ਮੰਗੇ। ਇਸ ਪਰ ਅੱਗੋਂ ਬੀਬੀ ਜੀ ਨੇ ਆਖਿਆ ਕਿ ਮਰਦਾਨਿਆ ਤੂੰ ਜਾ ਕੇ ਪਹਿਲਾਂ ਰਬਾਬ ਦੇਖ ਆਓ ਅਤੇ ਮੁਲ ਕਰਾ ਕੇ ਮੇਰੇ ਪਾਸ ਆਈਂ। ਜਿਤਨੇ ਰੁਪਏ ਨੂੰ ਚੁਕੇ ਮੈਥੋਂ ਲੈ ਜਾਈਂ।



ਮਰਦਾਨਾ ਲੱਗਾ ਨਗਰ ਦੀ ਗਲੀ ਕੁਚੇ ਫਿਰਨ। ਜਿਧਰ ਜਾਵੇ ਓਧਰੋਂ ਲੋਗ ਠਠਾ ਮਖੌਲ ਕਰਨ ਆਖਨ ਕਿ `ਕੁਰਾਹੀਏ ਦਾ ਡੂੰਮ ਆਇਆ ਹੈ।´ ਨਾਲ ਕਈ ਬੁਰਾ ਬੋਲਨ ਤੇ ਕਈ ਮਿਟੀ ਚੁਕ ਕੇ ਉਤੇ ਸੁਟਨ। ਜੋ ਜਿਸਦੇ ਮਨ ਆਵੇ ਸੋ ਕਰੇ। ਇਸ ਤੇ ਮਰਦਾਨਾ ਤੰਗ ਆਇ ਗਿਆ ਅਰ ਆਖੇ ਕਿ ਇਹ ਤਾਂ ਅੱਛੀ ਹੋਣ ਲੱਗੀ ਹੈ, ਜੇ ਕੋਈ ਖੜਾ ਹੋਨ ਭੀ ਨਹੀਂ ਦਿੰਦਾ। ਬਹੁਤ ਤੰਗ ਹੋ ਕੇ ਪਿਛਾਂ ਮੁੜ ਆਇਆ ਅਰ ਮੂੰਹ ਬੁਰਾ ਜਿਹਾ ਕਰਕੇ ਆਨ ਬੈਠਾ ਜਿਸ ਦੇ ਉਦਾਸ ਜਿਹੇ




ਚੇਹਰੇ ਨੂੰ ਦੇਖ ਕੇ ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਖਾਲੀ ਕਿਉਂ ਮੁੜਿਓਂ। ਤੈਨੂੰ ਤਾਂ ਰਬਾਬ ਲੈਣ ਲਈ ਭੇਜਿਆ ਸੀ, ਸੋ ਦਸ ਸੁਖ ਹੈ। ਇਸ ਬਾਤ ਨੂੰ ਸੁਨ ਕੇ ਮਰਦਾਨਾ ਆਖਨ ਲੱਗਾ ਕਿ ਜੀ ਸੁਖ ਕਾਹਦੀ ਹੈ, ਤੇਰੇ ਸੰਗ ਮੈਨੂੰ ਅੱਛਾ ਫਲ ਮਿਲਿਆ ਹੈ ਜਿੱਧਰ ਜਾਂਦਾ ਹਾਂ, ਉਧਰ ਲੋਗ ਅਗੋ ਸੌ ਸੌ ਸੁਣਾਉਂਦੇ ਹਨ ਅਰ ਤੈਨੂੰ ਕੁਰਹੀਆ ਆਖਦੇ ਹਨ ਅਰ ਮੈਨੂੰ ਦੇਖਦੇ ਆਖਦੇ ਹਨ ਕਿ ਕੁਰਹੀਏ ਦਾ ਡੂੰਮ ਹੈ। ਸੋ ਮੈਂ ਤਾਂ ਰਬਾਬ ਦੀ ਜਗ੍ਹਾ ਖਰਾਬ ਹੋ ਕੇ ਆਇ ਗਿਆ ਹਾਂ ਅਰ ਤੇਰੇ ਪਿਛੇ ਮੇਰੀ ਵੀ ਇਹ ਗਤਿ ਹੋਇ ਰਹੀ ਹੈ।


ਇਸ ਨੂੰ ਸੁਨ ਕੇ ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਕੁਝ ਡਰ ਨਾ ਕਰ। ਇਹ ਲੋਕ ਐਵੇਂ ਝਖ ਮਾਰਦੇ ਹਨ । ਸੋ ਤੂੰ ਸੰਸਾਰ ਦਾ ਨਾ ਬਣ। ਤੈਨੂੰ ਮੈਂ ਕਰਤਾਰ ਦਾ ਬਨਾਇਆ ਹੈ। ਸੰਸਾਰ ਦਾ ਕੰਮ ਝਖ ਮਾਰਨੇ ਦਾ ਹੈ। ਪਰਤੂੰ ਪਰਮੇਸ਼ਰ ਦੇ ਪਿਆਰਿਆਂ ਦਾ ਇਸ ਤੇ ਕੁਝ ਨਹੀਂ ਵਿਗੜਦਾ। ਕੁੱਤੇ ਵਾਂਗਰ ਭੌਂਕ ਕੇ ਆਪੇ ਹੀ ਚੁਪ ਕਰ ਜਾਏਗਾ। ਇਹ ਸੁਨਕੇ ਮਰਦਾਨੇ ਆਖਿਆ ਕਿ ਜੀ ਤੇਰੀਆਂ ਤੂੰਹੇ ਜਾਣੇ, ਮੈਨੂੰ ਇਹ ਗਲ ਦੀ ਕਿਆ ਸਾਰ ਹੈ ਜੋ ਤੂੰ ਪਿਆ ਆਖਦਾ ਹੈਂ। ਇਸੀ ਤਰ੍ਹਾਂ ਕਰਦਿਆਂ ਜਦ ਕੁਝ ਦਿਨ ਬੀਤੇ ਤਾਂ ਮਰਦਾਨੇ ਨੂੰ ਆਖਿਆ ਕਿ ਮਰਦਾਨਿਆਂ ਐਥੋਂ ਦੇ ਲੋਕ ਤਾਂ ਤੈਨੂੰ ਰਬਾਬ ਨਹੀਂ ਦੇਂਦੇ ਸੋ ਸਤਲੁਜ ਅਤੇ ਬਿਆਸ ਦੇ ਵਿਚਕਾਰ ਜੱਟਾਂ ਦਾ ਪਿੰਡ ਹੈ। ਓਥੇ ਇੱਕ ਫਰਹਿੰਦਾ ਨਾਮੇ ਰਬਾਬੀ ਰਹਿੰਦਾ ਹੈ, ਸੋ ਤੂੰ ਜਾ ਕੇ ਉਸ ਥੋਂ ਰਬਾਬ ਮੰਗੀਂ। ਉਹ ਤੈਨੂੰ ਦੇ ਦੇਵੇਗਾ ਅਰ ਘਰੋਂ ਜਾ ਕੇ ਬੀਬੀ ਨਾਨਕੀ ਤੇ ਸੱਤ ਰੁਪਏ ਲੈ ਜਾਈਂ ਜੋ ਉਸਨੂੰ ਰਬਾਬ ਦਾ ਮੁਲ ਦੇਵੀਂ। ਇਸ ਗੱਲ ਨੂੰ ਮੰਨ ਕੇ ਮਰਦਾਨਾ ਬੀਬੀ ਪਾਸ ਗਿਆ ਅਰ ਸੱਤ ਰੁਪਏ ਮੰਗੇ। ਉਸਨੇ ਆਖਿਆ ਕਿ ਭਾਈ ਮਰਦਾਨਾ ਜਿਤਨੇ ਲੋੜੀਦੇ ਹਨ ਉਤਨੇ ਲੈ ਜਾਹ ਪਰ ਮਰਦਾਨੇ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਸੱਤੇ ਲੈ ਕੇ ਆਪਣਾ ਰਸਤਾ ਲੀਤਾ। ਜਦ ਜਾਂਦਾ ਜਾਂਦਾ ਉਸ ਨਗਰ ਪਹੁੰਚਾ ਅਤੇ ਉਸ ਦਾ ਪਤਾ ਪੁਛਨ ਲੱਗਾ ਤਦ ਕੋਈ ਠੀਕ ਨਾ ਦੱਸੇ। ਦੋ ਦਿਨ ਉਥੇ ਖੁਆਰ ਹੋ ਕੇ ਜਦ ਤੀਜੇ ਦਿਨ ਪਿਛਾਹਾਂ ਮੁੜਨ ਲੱਗਾ ਤਾਂ ਅਗੋਂ ਕਿਆ ਦੇਖਦਾ ਹੈ ਕਿ ਕੱਛ ਵਿੱਚ ਰਬਾਬ ਲੀਤਾ ਹੋਇਆ ਇਕ ਆਦਮੀ ਅੱਗੋਂ ਆਉਂਦਾ ਹੈ ।



ਉਸਨੇ ਆ ਕੇ ਮਰਦਾਨੇ ਨੂੰ ਪੁਛਿਆ ਭਾਈ ਤੂੰ ਕਿਧਰੋਂ ਆਇਆ ਹੈਂ ਅਰ ਕਿਸ ਨੂੰ ਪੁੱਛਦਾ ਹੈਂ। ਇਸ ਗੱਲ ਨੂੰ ਸੁਨ ਕੇ ਮਰਦਾਨੇ ਨੇ ਆਪਨਾ ਅਗਲਾ ਪਿਛਲਾ ਸਾਰਾ ਹਾਲ ਸੁਨਾਇਆ ਕਿ ਮੈਂ ਰਾਇ ਭੋਏ ਦੀ ਤਲਵੰਡੀ ਤੇ ਰਹਿਨੇ ਵਾਲਾ ਹਾਂ ਅਰ ਮੇਰਾ ਨਾਉਂ ਮਰਦਾਨਾ ਹੈ। ਜਾਤ ਦਾ ਮਿਰਾਸੀ ਹਾਂ ਪਰਤੂੰ ਅੱਜ ਕੱਲ ਮੈਂ ਨਾਨਕ ਪਾਸ ਰਹਿੰਦਾ ਹਾਂ ਜੋ ਕੋਈ ਬੇਦੀ ਖੱਤ੍ਰੀ ਸੀ ਪਰ ਹੁਣ ਸਾਧਾਂ ਵਾਲੀ ਬਿਰਤੀ ਵਿੱਚ ਹੋ ਗਿਆ ਹੈ ਉਸ ਨੂੰ ਪਰਮੇਸ਼ਰ ਪਾਸੇ ਦੀ ਲਿਵ ਲਗੀ ਰਹਿੰਦੀ ਹੈ ਅਰ ਅਪਨੇ ਮੁੱਖੋਂ ਅਗੰਮ ਦੀ ਬਾਣੀ ਉਚਾਰਦਾ ਹੈ ਜਿਸ ਨੂੰ ਉਹ ਅਪਨੇ ਮੂੰਹੋਂ ਮੈਨੂੰ ਸਖਾਉਂਦਾ ਹੈ।ਇਸ ਵਾਸਤੇ ਉਸ ਨੇ ਤੇਰੇ ਪਾਸ ਰਬਾਬ ਲਈ ਭੇਜਿਆ ਹੈ। ਇਸ ਬਾਤ ਨੂੰ ਸੁਨਕੇ ਫਰਹਿੰਦੇ ਨੇ ਰਬਾਬ ਮਰਦਾਨੇ ਦੇ ਹੱਥ ਫੜਾਇਆ ਕਿ ਚੱਲ ਭਾਈ ਮਰਦਾਨਿਆਂ ਅਸੀਂ ਭੀ ਓਸ ਪੁਜੇ ਹੋਏ ਪੁਰਖ ਦਾ ਦਰਸ਼ਨ ਕਰ ਆਈਏ। ਇਹ ਸੁਨਕੇ ਮਰਦਾਨੇ ਨੇ ਕਿਹਾ ਜੀ ਏ ਤੁਹਾਡੀ ਇਛਯਾ ਹੈ ਪਰ ਇਹ ਸੱਤ ਰੁਪਈਏ ਜੋ ਇਸ ਰਬਾਬ ਦਾ ਮੁੱਲ ਹੈ ਲੈ ਲਵੋ। ਇਸ ਗੱਲ ਨੂੰ ਸੁਨਦਿਆਂ ਫਰਹਿੰਦੇ ਨੇ ਕਹਿਆ ਕਿ ਭਾਈ ਮਰਦਾਨਾ, ਇਸ ਰਬਾਬ ਦਾ ਮੁੱਲ ਤਾਂ ਕੋਈ ਨਹੀਂ ਹੈ ਕਿਉਂਕਿ ਇਸ ਦਾ ਭੀ ਉਸੇ ਦੇ ਨਾਲ ਕੁਝ ਪੁਰਾਨਾ ਸਬੰਧ ਹੈ, ਜਿਸਤੇ ਇਹ ਉਸ ਨੇ ਯਾਦ ਕੀਤਾ ਹੈ। ਇਤਨੀ ਸੁਨ ਕੇ ਮਰਦਾਨਾ ਚੁਪ ਰਿਹਾ ਅਰ ਦੋਨੋਂ ਚਲ ਪਏ। ਜਦ ਤੀਜੇ ਦਿਨ ਗੁਰੂ ਪਾਸ ਪੁਜੇ ਅਤੇ ਪੈਰਾਂ ਤੇ ਮੱਥਾ ਟੇਕਕੇ ਬੈਠ ਗਏ ਗੁਰੂ ਜੀ ਨੇ ਮਰਦਾਨੇ ਅਤੇ ਫਰਹਿੰਦੇ ਦੀ ਸੁਖ ਸਾਂਦ ਪੁਛੀ ਅਤੇ ਆਪਸ ਵਿੱਚ ਕਰਤਾਰ ਪਾਸੇ ਦੀਆਂ ਬਾਤਾਂ ਕੀਤੀਆਂ, ਸੁਨਕੇ ਫਰਹਿੰਦਾ ਚਰਨਾਂ ਤੇ ਡਿੱਗਾ ਅਰ ਆਖਣ ਲੱਗਾ ਕਿ ਜੀ ਜੇਹਾ ਤੂੰ ਸੁਨੀਂਦਾ ਸੀ ਓਹੋ ਜੇਹਾ ਅਖੀਂ ਡਿੱਠਾ ਹੈਂ। ਕੁਝ ਦਿਨ ਗਏ ਪਿਛੋਂ ਫਰਹਿੰਦਾ ਆਪਣੇ ਵਤਨ ਨੂੰ ਮੁੜ ਗਿਆ।



ਪਿਛੋਂ ਮਰਦਾਨਾ ਲੱਗਾ ਰਬਾਬ ਨੂੰ ਸੁਰ ਕਰਨ। ਪਰੰਤੂ ਉਹ ਜਿਉਂ ਜਿਉਂ ਸੁਰ ਕਰੇ ਤਿਉਂ ਤਿਉਂ ਰਬਾਬ ਬੇਸੁਰਾ ਹੁੰਦਾ ਜਾਏ। ਜਿਸ ਪਰ ਗੁਰੂ ਜੀ ਨੇ ਆਖਿਆ ਕਿ ਮਰਦਾਨਿਆਂ ਨਵਾਂ ਰਬਾਬ ਬਜਾਓ ਅਰ ਕਰਤਾਰ ਦੇ ਗੁਣ ਗਾਓ। ਇਸ ਨੂੰ ਸੁਨਕੇ ਆਖਿਨ ਲੱਗਾ ਕਿ ਜੀ ਮੈਂ ਇਸ ਨੂੰ ਠੀਕ ਕਰ ਲੇਵਾਂ ਜੋ ਠਾਟ ਚੰਗਾ ਬਨ ਜਾਏ, ਜਿਸ ਪਰ ਗੁਰੂ ਜੀ ਨੇ ਕਿਹਾ ਕਿ ਭੋਲਿਆ ਤੇਰਾ ਕੰਮ ਠਾਟ ਕਰਨ ਦਾ ਨਹੀਂ ਹੈ। ਤੇਰਾ ਤਾਂ ਬਜਾਉਨ ਦਾ ਕੰਮ ਹੈ। ਸੋ ਤੂੰ ਬਜਾਓ। ਠਾਟ ਕਰਤਾਰ ਕਰਨੇ ਵਾਲਾ ਹੈ, ਸੋ ਆਪ ਹੀ ਕਰੇਗਾ। ਇਸ ਬਾਤ ਨੂੰ ਸੁਨਕੇ ਮਰਦਾਨਾ ਬਜਾਉਨ ਲੱਗਾ। ਜਿਸ ਪਰ ਰਬਾਬ ਦਾ ਅਜਿਹਾ ਠਾਟ ਬਨਿਆ ਜੋ ਉਸ ਦੀ ਮਧਰ ਧੁਨਿ ਨੂੰ ਸੁਣ ਕੇ ਜੰਗਲ ਦੇ ਮਿਗ੍ਰ ਬੀ ਮਸਤ ਹੋ ਗਏ ਅਰ ਗੁਰੂ ਜੀ ਨੂੰ ਜੋ ਬਾਣੀ ਆਈ ਸੋਈ ਮਰਦਾਨੇ ਨੇ ਉਸ ਵਿੱਚ ਸੁੰਦਰ ਸੁਰ ਨਾਲ ਗਾਈ।



## ਪਾਠ-ਅਭਿਆਸ

1. **ਰਬਾਬ ਮੰਗਾਉਣ ਦਾ ਵਿਰਤਾਂਤ ਸੰਖੇਪ ਕਰਕੇ ਆਪਣੇ ਸ਼ਬਦਾਂ ਵਿੱਚ ਲਿਖੋ ?**

   ਗੁਰੂ ਨਾਨਕ ਦੇਵ ਜੀ ਨੂੰ ਜੰਗਲ ਵਿੱਚ ਕਰਤਾਰ ਦੇ ਗੁਣ ਗਾਉਂਦਿਆਂ ਦੇਖ ਕੇ ਲੋਕ ਕੁਰਾਹੀਆਂ ਸੱਦਣ ਲੱਗੇ। ਗੁਰੂ ਜੀ ਨੇ ਮਰਦਾਨੇ ਨੂੰ ਬੀਬੀ ਨਾਨਕੀ ਤੋਂ ਪੈਸੇ ਲੈ ਕੇ ਰਬਾਬ ਨੂੰ ਸਭ ਤੋਂ ਚੰਗਾ ਸਾਜ਼ ਦੱਸਦਿਆਂ ਲਿਆਉਣ ਲਈ ਕਿਹਾ। ਮਰਦਾਨਾ ਰਬਾਬ ਢੂੰਡਣ ਗਿਆ, ਤਾਂ ਲੋਕਾਂ ਨੇ 'ਕੁਰਾਹੀਏ ਦਾ ਡੂੰਮ' ਕਹਿ ਕੇ ਬੁਰਾ ਸਲੂਕ ਕੀਤਾ। ਤੰਗ ਆ ਕੇ ਮਰਦਾਨਾ ਗੁਰੂ ਜੀ ਕੋਲ ਪੁੱਜਾ। ਗੁਰੂ ਜੀ ਨੇ ਉਸ ਨੂੰ ਲੋਕਾਂ ਤੋਂ ਬੇਪ੍ਰਵਾਹ ਰਹਿਣ ਲਈ ਕਿਹਾ ਤੇ ਦੁਆਬੇ ਦੇ ਇੱਕ ਪਿੰਡ ਵਿੱਚ ਵਸਦੇ ਫਰਹਿੰਦੇ ਰਬਾਬੀ ਤੋਂ ਰਬਾਬ ਲਿਆਉਣ ਲਈ ਭੇਜਿਆ। ਇੱਕ ਤਿੰਨ ਦਿਨ ਖੁਆਰ ਹੋਣ ਮਗਰੋਂ ਉਸ ਦਾ ਫਰਹਿੰਦੇ ਨਾਲ ਮੇਲ ਹੋਇਆ। ਮਰਦਾਨੇ ਤੋਂ ਗੁਰੂ ਜੀ ਦੁਆਰਾ

ਉਚਰੀ ਜਾਂਦੀ ਅਗੰਮੀ ਬਾਣੀ ਬਾਰੇ ਸੁਣ ਕੇ ਫਰਹਿੰਦੇ ਨੇ ਰਬਾਬ ਉਸ ਨੂੰ ਦੇ ਦਿੱਤੀ ਤੇ ਕੀਮਤ ਨਾਲ ਲੈਂਦਿਆਂ ਕਿਹਾ ਕਿ ਇਸ ਦਾ ਵੀ ਉਸ (ਗੁਰੂ ਨਾਨਕ) ਨਾਲ ਕੁੱਝ ਪੁਰਾਣਾ ਸਬੰਧ ਹੈ। ਫਿਰ ਉਹ ਮਰਦਾਨੇ ਨਾਲ ਗੁਰੂ ਜੀ ਕੋਲ ਪੁੱਜਾ ਤੇ ਕਰਤਾਰ ਬਾਰੇ ਗੱਲਾਂ ਕਰਨ ਮਗਰੋਂ ਉਨ੍ਹਾਂ ਦੇ ਚਰਨੀਂ ਢਹਿ ਪਿਆ। ਉਸ ਦੇ ਜਾਣ ਮਗਰੋਂ ਮਰਦਾਨੇ ਤੋਂ ਰਬਾਬ ਸੁਰ ਨਹੀਂ ਸੀ ਹੋ ਰਹੀ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਦਾ ਕੰਮ ਵਜਾਉਣਾ ਹੈ। ਠਾਟ ਕਰਤਾਰ ਆਪੇ ਬਣਾਏਗਾ। ਇਹ ਸੁਣ ਕੇ ਮਰਦਾਨੇ ਨੇ ਰਾਬਾ ਵਜਾਈ, ਤਾਂ ਮਸਤੀ ਪਸਾਰਨ ਵਾਲਾ ਠਾਟ ਬਣ ਗਿਆ ਤੇ ਗੁਰੂ ਜੀ ਨੂੰ ਜਿਹੜੀ ਬਾਣੀ ਆਈ, ਮਰਦਾਨੇ ਨੇ ਉਹ ਹੀ ਮਧੁਰ ਸੁਰ ਵਿੱਚ ਗਾਈ।

2. **ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਹਨ ?**

ਆਮ ਲੋਕ ਖੱਤਰੀ ਜਾਤ ਨਾਲ ਸੰਬੰਧਿਤ ਭੱਲਿਆਂ ਦੇ ਪੁੱਤ-ਪੋਤੇ ਗੁਰੂ ਨਾਨਕ ਦੇਵ ਜੀ ਨੂੰ ਖਾਣਾ- ਪਹਿਨਣਾ ਭੁਲਾ ਕੇ ਮਰਦਾਨੇ ਡੂੰਮ ਸਮੇਤ ਜੰਗਲ ਵਿੱਚ ਬੈਠ ਕੇ ਕਰਤਾਰ ਦੇ ਗੁਣ ਗਾਉਂਦਿਆਂ ਤੇ ਹਿੰਦੂਆਂ ਮੁਸਲਮਾਨਾਂ ਤੋਂ ਵੱਖਰੀ ਚਾਲ ਚੱਲਦਾ ਦੇਖ ਕੇ 'ਕੁਰਾਹੀਆ' ਸਮਝਣ ਲੱਗੇ ਤੇ ਕਹਿਣ ਲੱਗੇ ਕਿ ਉਸ ਦੀ ਮੱਤ ਮਾਰੀ ਗਈ ਹੈ, ਜੋ ਕਿਸੇ ਦੀ ਗੱਲ ਸੁਣਦਾ ਹੀ ਨਹੀਂ।

3. **ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ ਕੀ ਵਿਹਾਰ ਕੀਤਾ?**

ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ, ਤਾਂ ਲੋਕਾਂ ਨੇ ਉਸ ਨਾਲ ਬਹੁਤ ਬੁਰਾ ਸਲੂਕ ਕੀਤਾ। ਉਹ ਉਸ ਨੂੰ ਠੱਠਾ-ਮਖ਼ੌਲ ਕਰਦੇ ਹੋਏ ਕਹਿਣ ਕਿ 'ਕੁਰਾਹੀਏ ਦਾ ਡੂੰਮ' ਆਇਆ ਹੈ। ਕਈ ਉਸ ਨੂੰ ਹੋਰ ਵੀ ਬੁਰੇ-ਭਲੇ ਸ਼ਬਦ ਬੋਲ ਰਹੇ ਸਨ ਤੇ ਕਈਆਂ ਨੇ ਉਸ ਉੱਤੇ ਮਿੱਟੀ ਚੁੱਕ ਕੇ ਸੁੱਟੀ।

4. **ਮਰਦਾਨੇ ਨੇ ਨਗਰ ਵਿੱਚ ਉਸ ਨਾਲ ਜੋ ਬੀਤੀ, ਜਦੋਂ ਗੁਰੂ ਨਾਨਕ ਦੇਵ ਜੀ ਨੂੰ ਸੁਣਾਈ ਤਾਂ ਗੁਰੂ ਜੀ ਨੇ ਅੱਗੋਂ ਕੀ ਕਿਹਾ ?**

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਕਿ ਉਹ ਲੋਕਾਂ ਤੋਂ ਨਾ ਡਰੇ। ਲੋਕਾਂ ਦਾ ਕੰਮ ਝੱਖ ਮਾਰਨਾ ਹੈ। ਉਹ ਲੋਕਾਂ ਤੋਂ ਬੇਪਰਵਾਹ ਰਹੇ ਤੇ ਸੰਸਾਰ ਦਾ ਨਾਂ ਬਣੇ ਕਿਉਂਕਿ ਉਨ੍ਹਾਂ ਨੇ ਉਸ ਨੂੰ ਕਰਤਾਰ ਦਾ ਬਣਾਇਆ ਹੈ। ਪਰਮੇਸ਼ਵਰ ਦੇ ਪਿਆਰਿਆਂ ਦਾ ਲੋਕਾਂ ਦੇ ਝੱਖ ਮਾਰਨ ਨਾਲ ਕੁਝ ਨਹੀਂ ਵਿਗੜਦਾ। ਕੁੱਤੇ ਆਪੇ ਭੌਂਕ ਕੇ ਚੁੱਪ ਕਰ ਜਾਂਦੇ ਹਨ।

5. **ਮਰਦਾਨੇ ਅਤੇ ਫਰਹਿੰਦੇ ਰਬਾਬੀ ਦੀ ਆਪਸ ਵਿੱਚ ਹੋਈ ਵਾਰਤਾਲਾਪ ਆਪਣੇ ਸ਼ਬਦਾਂ ਵਿੱਚ ਲਿਖੋ ?**

ਫਰਹਿੰਦੇ ਦੇ ਪੁੱਛਣ ਤੇ ਮਰਦਾਨੇ ਨੇ ਆਪਣਾ ਨਾਂ ਥਾਂ ਦੱਸਦਿਆਂ ਕਿਹਾ ਕਿ ਉਹ ਸਾਧਾਂ ਵਾਲੀ ਬਿਰਤੀ ਧਾਰਨ ਕਰ ਚੁੱਕੇ ਬੇਦੀ ਖੱਤਰੀ ਨਾਨਕ ਨਾਲ ਰਹਿੰਦਾ ਹੈ, ਜੋ ਅਗੰਮ ਦੀ ਬਾਣੀ ਉਚਾਰਦਾ ਹੈ ਤੇ ਉਸਨੇ ਉਸ ਨੂੰ ਉਸ ਤੋਂ ਰਬਾਬ ਲੈਣ ਭੇਜਿਆ ਹੈ। ਫਰਹਿੰਦੇ ਨੇ ਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਪ੍ਰਗਟ ਕਰਦਿਆਂ ਮਰਦਾਨੇ ਨੂੰ

ਰਬਾਬ ਦੇ ਕੇ ਉਸ ਤੋਂ ਪੈਸੇ ਨਾ ਲਏ ਤੇ ਕਿਹਾ ਕਿ ਇਸ ਦਾ ਵੀ ਉਸ (ਗੁਰੂ ਜੀ) ਨਾਲ ਕੋਈ ਪੁਰਾਣਾ ਸਬੰਧ ਹੈ।

## ਵਸਤੂਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਰਬਾਬ ਮੰਗਾਉਣ ਦਾ ਵਿਰਤਾਂਤ ਸਾਖੀ ਦਾ ਲੇਖਕ ਕੌਣ ਹੈ ?

   ਗਿਆਨੀ ਦਿੱਤ ਸਿੰਘ।

2. ਗੁਰੂ ਨਾਨਕ ਦੇਵ ਜੀ ਕਿੱਥੇ ਬੈਠ ਕੇ ਕਰਤਾਰ ਦੇ ਗੁਣ ਗਾਉਣ ਲੱਗੇ ?

   ਜੰਗਲ ਵਿੱਚ।

3. ਗੁਰੂ ਜੀ ਦਾ ਸਾਥੀ ਕੌਣ ਸੀ ?

   ਭਾਈ ਮਰਦਾਨਾ।

4. ਗੁਰੂ ਜੀ ਨੂੰ ਸਭ ਤੋਂ ਵੱਧ ਕਿਹੜਾ ਸਾਜ਼ ਪਸੰਦ ਸੀ ?

   ਰਬਾਬ।

5. ਲੋਕ ਮਰਦਾਨੇ ਨੂੰ ਕੀ ਕਹਿ ਰਹੇ ਸਨ ?

   ਕੁਰਾਹੀਏ ਦਾ ਡੂੰਮ।

6. ਗੁਰੂ ਜੀ ਨੇ ਮਰਦਾਨੇ ਨੂੰ ਬੀਬੀ ਤੋਂ ਕਿੰਨੇ ਰੁਪਏ ਲੈਣ ਲਈ ਕਿਹਾ ?

   ਸੱਤ ਰੁਪਏ।

7. ਫਰਹਿੰਦੇ ਦਾ ਪਿੰਡ ਕਿੱਥੇ ਸੀ ?

   ਸਤਲੁਜ ਤੇ ਬਿਆਸ ਦੇ ਵਿਚਕਾਰ।

ਤਿਆਰ ਕਰਤਾ

ਸੰਦੀਪ ਸਿੰਘ

ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ ਭਿੰਡੀ ਔਲਖ ( ਅੰਮ੍ਰਿਤਸਰ )

